ਮਾਸਟਰ ਜੁਗਿੰਦਰ ਸਿੰਘ ਜੀ ਦੀ ਪਹਿਲੀ ਪੁਸਤਕ "ਗੁਰਮਤਿ ਗੁਹਜੁ ਰਤਨ"
ਦਾ ਮੁੱਖਬੰਦ ਪੰਥ ਦੀ ਪ੍ਰਸਿੱਧ ਹਸਤੀ ਸ: ਨਰੈਣ ਸਿੰਘ ਐਮ.ਏ.
ਵੱਲੋਂ ਲਿਖਿਆ ਗਿਆ ਸੀ ਜਿਸ ਦੀ ਹੂ-ਬ-ਹੂ ਨਕਲ ਹੈ

"ਗੁਰਮਤਿ ਗੁਹਜੁ ਰਤਨ" ਗੁਰ ਸ਼ਬਦ ਸਾਗਰ ਵਿੱਚੋਂ ਲੁਪਤ ਮੋਤੀ ਲੱਭਣ ਲਈ ਇੱਕ ਸ਼ਲਾਘਾਯੋਗ ਖੋਜ ਹੈ, ਜੋ ਸ੍ਰੀਮਾਨ ਮਾਸਟਰ ਜੁਗਿੰਦਰ ਸਿੰਘ ਜੀ ਨੇ ਅਥੱਕ ਕਮਾਈ ਦੁਆਰਾ ਸਫ਼ਲਤਾ ਸਹਿਤ ਕੀਤੀ ਹੈ।

ਗੁਰਬਾਣੀ ਦੇ ਆਸ਼ੇ ਸਿਧਾਂਤ ਤੇ ਨਿਰਣੇ ਸੰਬੰਧੀ ਕੀਤੇ ਯਤਨ ਵਿੱਚ ਪੂਰਨਤਾ ਦੀ ਸੰਭਾਵਨਾ ਘੱਟ ਵੱਧ ਹੀ ਹੋ ਸਕਦੀ ਹੈ ਕਿਉਂ ਜੋ ਇਹ ਵਿਸ਼ਾ ਸੂਖ਼ਮ ਤੇ ਕਠਿਨਤਾਈਆਂ-ਪੂਰਿਤ ਹੈ।

ਅਜਿਹੇ ਯਤਨ ਕੇਵਲ ਵਿਚਾਰ-ਉਕਸਾਊ ਹੀ ਹੋ ਸਕਦੇ ਹਨ। ਇਸ ਪੁਸਤਕ ਦੁਆਰਾ ਕਰਤਾ ਨੇ ਗੁਰੂ ਘਰ ਦੇ ਅਣਮੁੱਲੇ ਗਿਆਨ ਉੱਤੇ ਚਾਨਣਾ ਪਾਇਆ ਹੈ। ਗੁਰਮਤਿ ਵਿਆਖਿਆ ਕੇਵਲ ਗਿਆਨ ਦੇ ਅਧੀਨ ਨਹੀਂ ਹੈ। ਗੁਰ ਸ਼ਬਦ ਦੇ ਕਿਵਾੜ ਸ਼ਰਧਾ ਸੰਯੁਕਤ ਕੀਤੀ ਆਚਰਣਕ ਕਮਾਈ ਨਾਲ ਹੀ ਖੁੱਲ੍ਹਦੇ ਹਨ। ਇਸ ਲਈ ਗੁਰਮਤਿ ਦੇ ਕਿਸੇ ਅੰਗ ਦੀ ਵਿਚਾਰ ਕੇਵਲ ਵਿੱਦਿਅਕ ਫੋਲਾ ਫਰਾਲੀ ਨਾਲ ਕਰਨੀ ਅਸੰਭਵ ਹੈ। ਇਹ ਉਹ ਮਾਰਗ ਹੈ ਜਿੱਥੇ ਗਿਆਨ, ਧਿਆਨ, ਜਾਪ ਤੇ ਕਮਾਈ ਇੱਕੋ ਯਤਨ ਦੇ ਬਹੁ ਅੰਗੀ ਪਹਿਲੂ ਹਨ।

ਆਸ ਕੀਤੀ ਜਾਂਦੀ ਹੈ ਕਿ ਖ਼ਾਲਸਾ ਪੰਥ ਗੁਰਮਤਿ ਆਸ਼ੇ ਨੂੰ ਗਹੁ ਨਾਲ ਖੋਜਣ ਦਾ ਯਤਨ ਕਰੇਗਾ ਤੇ ਹਰੇਕ ਸਿੱਖ ਗੁਰਮਤਿ ਅਗਵਾਈ ਹੇਠ ਬਹੁ-ਅੰਗੀ ਮਾਨੁਸ਼ੀ ਜੀਵਨ ਵਿੱਚ ਸਫ਼ਲਤਾ ਪ੍ਰਵੇਸ਼ ਕਰਨ ਲਈ ਤਤਪਰ ਹੋਵੇਗਾ।

ਲੁਧਿਆਣਾ — ਨਰੈਣ ਸਿੰਘ

੧੨ ਜੂਨ, ੧੯੬੦ — ਐਮ.ਏ.